# ਬਾਬਾ ਗੁਰਦਿੱਤ ਸਿੰਘ ਸਰਹਾਲੀ ਤੇ .ਗਦਰੀ ਕਿਰਤੀ ਲਹਿਰ

ਮਲਵਿੰਦਰ ਜੀਤ ਸਿੰਘ ਵੜੈਚ

ਕੋਮਾਗਾਟਾ ਮਾਰੂ ਪ੍ਰਸਿੱਧੀ ਵਾਲੇ ਬਾਬਾ ਗੁਰਦਿੱਤ ਸਿੰਘ ਜੀ ਦੀ ਘਾਲਣਾ ਜਹਾਜ਼ੀਆਂ ਦੇ ਸੰਘਰਸ਼ ਤੋਂ ਕਿਤੇ ਵਧੇਰੇ ਵਿਸ਼ਾਲ ਸੀ ਜੀਹਦੀ ਮੂੰਹ ਬੋਲਦੀ ਤਸਵੀਰ ਹੈ ਹਥਲੀ ਲਿਖਤ, ਜੋ ਹਾਜ਼ਰ ਹੈ — ਡਾਇਰੈਕਟਰ ਇੰਟੈਲੀਜੈਂਸ ਬਿਉਰੋ, ਹੋਮ ਡਿਪਾਰਟਮੈਂਟ, ਗੌਰਮੈਂਟ ਔਫ਼ ਇੰਡੀਆ ਦੁਆਰਾ 29 ਮਾਰਚ 1934 ਨੂੰ ਸੰਪਾਦਿਤ ਖ਼ੁਫ਼ੀਆ ਰਿਪੋਰਟ 'ਚੋਂ: ਅਨੁਵਾਦਿਕ।

ਗੁਰਦਿੱਤ ਸਿੰਘ (ਬਾਬਾ), ਸਪੁੱਤਰ ਹੁਕਮ ਸਿੰਘ, ਜੱਟ, ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ। 12 ਸਾਲ ਦਾ ਇਹ ਬਾਲਕ ਮਲਾਇਆ (ਫ਼ਾਪਿੰਗ) ਪੁਲਿਸ ਕਾਨਸਟੇਬਲ ਵੱਜੋਂ ਤਾਇਨਾਤ ਆਪਣੇ ਪਿਤਾ ਕੋਲ ਚਲਾ ਗਿਆ, ਜਿੱਥੋਂ ਇਹ 1909 'ਚ ਪਰਤ ਕੇ ਫਿਰ 1913 ਵਿੱਚ ਸਿੰਘਾਪੁਰ ਜਾ ਪੁਜਿਆ ਤੇ ਉਹ ਕੈਨੇਡਾ ਵਿੱਚ ਏਸ਼ੀਆਈਆਂ (ASIATICS) ਦੇ ਦਾਖ਼ਲੇ ਤੇ ਲਾਈਆਂ ਗਈਆਂ ਰੋਕਾਂ ਵਿਰੁੱਧ ਚਲ ਰਹੀ ਐਜੀਟੇਸ਼ਨ ਵਿੱਚ ਸਰਗਰਮ ਹੋ ਗਿਆ। ਉਹ ਆਪਣੇ ਹਮਵਤਨਾਂ ਦਾ ਮੋਹਰੀ ਬਣ ਗਿਆ, ਜਿਨ੍ਹਾਂ ਨੂੰ ਉਹ ਵਿਦਰੋਹ ਲਈ ਪ੍ਰੇਰਦਾ ਸੀ, ਜਿਸ ਕਰਕੇ ਉਹਨੂੰ 'ਬੰਗਾਲ ਦਾ ਕਪਤਾਨ' ਕਿਹਾ ਜਾਂਦਾ ਸੀ। ਜਨਵਰੀ 1914 'ਚ ਉਹ ਹਾਂਗਕਾਂਗ ਚਲਾ ਗਿਆ ਜਿੱਥੇ ਉਸਨੇ ਇੱਕ ਜਰਮਨ ਵਿਚੋਲੇ ਰਾਹੀਂ ਕੋਮਾਗਾਟਾ ਮਾਰੂ ਜਹਾਜ਼ ਕਿਰਾਏ ਤੇ ਲਿਆ, ਜਿਸ ਦੁਆਰਾ ਉਹ ਹਾਂਗਕਾਂਗ ਤੇ ਹੋਰ ਥਾਵਾਂ ਤੋਂ ਕਈ ਭਾਰਤੀਆਂ ਨੂੰ ਸਵਾਰ ਕਰਕੇ ਕੈਨੇਡਾ ਦੇ ਆਵਾਸੀ ਕਾਨੂੰਨਾਂ ਦੀ ਪਰਵਾਹ ਨਾ ਕਰਦੇ ਹੋਏ, ਉਥੇ (ਕੈਨੇਡਾ) ਜਾ ਪਹੁੰਚਿਆ। 21 ਮਈ 1914 ਨੂੰ ਵੈਨਕੂਵਰ ਪਹੁੰਚਣ ਤੇ ਕੈਨੇਡੀਅਨ ਅਧਿਕਾਰੀਆਂ ਨੇ ਮੁਸਾਫਰਾਂ ਨੂੰ ਉਤਰਨ ਨਹੀਂ ਦਿੱਤਾ ਸੀ ਤੇ ਪੁਲਿਸ ਨਾਲ ਮੁਸਾਫ਼ਰਾਂ ਦੀ ਹੋਈ ਝੜਪ ਦੌਰਾਨ 22 ਪੁਲਸੀਆਂ ਨੂੰ ਸੱਟਾ ਲੱਗੀਆਂ ਸਨ। ਅਖ਼ੀਰ ਗੁਰਦਿੱਤ ਸਿੰਘ ਕੋਈ ਪੇਸ਼ ਨਾ ਜਾਂਦੀ ਵੇਖ 23 ਜੁਲਾਈ ਨੂੰ ਕੋਮਾਗਾਟਾ ਮਾਰੂ ਜਹਾਜ਼ ਨੂੰ ਪੁਠੇ ਪੈਰੀਂ ਵਾਪਸ ਲੈ ਤੁਰਿਆ। ਗੁਰਦਿੱਤ ਸਿੰਘ ਨੇ ਜਹਾਜ਼ ਦੇ ਦੋਹੀਂ ਪਾਸੀਂ ਸਫ਼ਰ ਦੌਰਾਨ ਨਿਧੜਕ ਇਨਕਲਾਬੀ ਆਗੂ ਦੀ ਭੂਮਿਕਾ ਨਿਭਾਈ। ਅਮਰੀਕਾ ਤੋਂ ਆਇਆ .ਗਦਰੀ ਸਾਹਿਤ ਜਹਾਜ਼ 'ਚ ਪੜ੍ਹਿਆ ਅਤੇ ਵੰਡਿਆ ਜਾਂਦਾ ਰਿਹਾ ਤੇ ਮੁਸਾਫ਼ਰਾਂ ਨੂੰ ਦੇਸ਼ ਵਾਪਸੀ ਤੇ ਅੰਗ੍ਰੇਜ਼ੀ ਰਾਜ ਵਿਰੁੱਧ ਬਗ਼ਾਵਤ ਲਈ ਉਕਸਾਇਆ ਗਿਆ। ਸਤੰਬਰ 'ਚ ਜਹਾਜ਼ ਕਲਕੱਤੇ ਲੱਗਾ ਤੇ ਜਦੋਂ ਮੁਸਾਫ਼ਰਾਂ ਨੂੰ ਬੱਜ ਬੱਜ ਪਹੁੰਚਣ ਤੇ ਪੰਜਾਬ ਭੇਜੀ ਜਾ ਰਹੀ ਸਪੈਸ਼ਲ ਗੱਡੀ 'ਚ ਸਵਾਰ ਹੋਣ ਲਈ ਕਿਹਾ ਗਿਆ, ਤਾਂ ਉਹਨਾਂ ਦੇ ਇਨਕਾਰ ਕਰਨ ਤੇ ਫ਼ਸਾਦ ਹੋ ਗਿਆ ਜਿੱਥੇ ਬੇ ਰੋਕ-ਟੋਕ ਗੋਲੀ ਬਾਰੀ ਹੋਈ ਜੀਹਦੇ ਕਾਰਨ ਮੌਤਾਂ ਹੋਈਆਂ। ਗੁਰਦਿੱਤ ਸਿੰਘ ਖਿਸਕ ਗਿਆ ਤੇ ਉਹਦੀ ਗ੍ਰਿਫਤਾਰੀ ਲਈ 1000 ਰੁਪੈ ਇਨਾਮ ਦੀ ਪੇਸ਼ਕਸ਼ ਕੀਤੀ ਗਈ ਸੀ।

ਗੁਰਦਿੱਤ ਸਿੰਘ ਨੂੰ ਮੁਢੋਂ-ਸੁਢੋਂ ਹੀ ਇਲਮ ਸੀ ਕਿ ਮੁਸਾਫ਼ਰਾਂ ਨੂੰ ਕੈਨੇਡਾ ਉਤਰਨ ਨਹੀਂ ਦਿੱਤਾ ਜਾਏਗਾ ਅਤੇ ਉਹਦੀ ਇਹ ਸਕੀਮ ਸਿਰਫ਼ ਪੈਸੇ ਬਟੋਰਨ ਲਈ ਸੀ। ਹੋ ਸਕਦੈ ਕਿ ਉਹਨੂੰ ਕੁੱਝ ਅਜੇਹੇ ਵਿਅਕਤੀਆਂ ਵੱਲੋਂ ਸ਼ਹਿ ਮਿਲੀ ਹੋਵੇ ਜੋ ਕੈਨੇਡਾ 'ਚ ਆਵਾਸ਼ ਤੇ ਲਾਈਆਂ ਰੋਕਾਂ ਦੇ ਮੁੱਦੇ ਨੂੰ ਲੈ ਕੇ ਭਾਰਤ ਵਿੱਚ ਬੇਚੈਨੀ ਫੈਲਾਉਣੀ ਚਾਹੁੰਦੇ ਹੋਣ। ਗੁਰਦਿੱਤ ਸਿੰਘ ਕੋਈ ਸੱਤ ਸਾਲ ਫ਼ਰਾਰ ਰਿਹਾ ਅਤੇ ਨਵੰਬਰ 1921 'ਚ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਨਨਕਾਣੇ ਵਿਖੇ ਗੁਪਤਵਾਸ ਤੋਂ ਬਾਹਰ ਆਇਆ, ਜਿੱਥੇ ਉਹਨੇ ਅਕਾਲੀਆਂ ਦੇ ਵੱਡੀ ਗਿਣਤੀ ਵਾਲੇ ਜਲੂਸ ਨਾਲ ਗ੍ਰਿਫ਼ਤਾਰੀ ਦਿੱਤੀ। ਭਾਰਤੀ ਆਵਾਸ ਆਰਡੀਨੈਂਸ ਤਹਿਤ ਕੁੱਝ ਦੇਰ ਦੀ ਕੈਦ ਪਿਛੋਂ ਫਰਵਰੀ 1922 ਦੇ ਅਖ਼ੀਰ ਵਿੱਚ ਉਹ ਨੂੰ ਰਿਹਾਅ ਕਰ ਦਿੱਤਾ ਗਿਆ ਸੀ।

ਬਾਹਰ ਆਕੇ ਉਸਨੇ ਅੰਗ੍ਰੇਜ਼ੀ ਵਸਤੂਆਂ ਦੇ ਬਾਈਕਾਟ ਤੇ ਨਾ-ਮਿਲਵਰਤਨ ਦਾ ਪ੍ਰਚਾਰ ਵਿਢ ਲਿਆ ਅਤੇ ਕਾਮਾਗਾਟਾ ਮਾਰੂ ਦੇ ਸਫ਼ਰ ਦੀ ਵਿਥਿਆ ਲਿਖੀ ਜਿਸਦੀ ਪਰਕਾਸ਼ਨਾ ਰੋਕ ਦਿੱਤੀ ਗਈ ਸੀ। 6 ਮਾਰਚ 1922 ਨੂੰ ਉਹਨੇ ਅੰਮ੍ਰਿਤਸਰ 'ਚ ਇੱਕ ਬਾਗ਼ੀਆਨਾ ਭਾਸ਼ਨ ਦਿੱਤਾ, ਜਿਸ ਲਈ ਉਹਨੂੰ ਪੰਜ ਸਾਲ ਦੀ ਸਜ਼ਾ ਦਿੱਤੀ ਗਈ। ਮਈ 1925 'ਚ ਕੈਦ ਦੌਰਾਨ ਹੀ ਉਸਨੇ ਕੋਮਾਗਾਟਾ ਮਾਰੂ ਦੀ ਮਾਲੀਅਤ ਦੀ ਭਰਪਾਈ ਵੱਜੋਂ ਰਕਮ ਬਰਤਾਨਵੀ ਸਰਕਾਰ ਤੋਂ ਵਸੂਲ ਕਰਨ ਲਈ ਕਾਨੂੰਨੀ ਚਾਰਾਜੋਈ ਕੀਤੀ ਸੀ। ਜਨਵਰੀ 1926 ਵਿਚ ਉਹਨੂੰ ਸਜ਼ਾ ਪੂਰੀ ਹੋਣੋਂ ਪਹਿਲਾਂ ਰਿਹਾਅ ਕਰ ਦਿੱਤਾ ਗਿਆ ਤੇ ਉਹ ਫਰਵਰੀ 1926 ਵਿੱਚ ਮੰਗਲ ਸਿੰਘ ਬੀ.ਏ. ਦੀ ਅਗਵਾਈ ਹੇਠਾਂ ਬਣੀ ਸਿੱਖਾਂ ਦੀ ਅਤਿਵਾਦੀ ਪਾਰਟੀ 'ਚ ਸ਼ਾਮਲ ਹੋ ਗਿਆ। ਅਪ੍ਰੈਲ 'ਚ ਉਹਨੇ ਸੈਂਟ੍ਰਲ ਸਿੱਖ ਲੀਗ ਦੇ ਲਾਹੌਰ ਸੈਸ਼ਨ ਦੀ ਪ੍ਰਧਾਨਗੀ ਕੀਤੀ। ਉਹ ਸਿੱਖ ਲੀਗ ਦੇ ਉਹਨਾਂ ਵਿਅਕਤੀਆਂ 'ਚ ਵੀ ਸ਼ਾਮਿਲ ਸੀ, ਜਿਨ੍ਹਾਂ ਨੇ ਸ਼ਹੀਦ ਹੋਏ ਅਤੇ ਜੇਲ੍ਹੀਂ ਬੰਦ ਅਕਾਲੀਆਂ ਦੇ ਸਾਕਾਂ-

ਸੰਬੰਧੀਆਂ ਲਈ ਮਾਲੀ ਅਮਦਾਦ ਦੀ ਅਪੀਲ ਜਾਰੀ ਕੀਤੀ ਸੀ; ਅਤੇ ਮਈ 1926 'ਚ ਉਹ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ ਸੀ।

ਪਿੱਛੋਂ ਉਹਨੇ ਕਲਕੱਤੇ ਡੇਰਾ ਲਾ ਲਿਆ ਅਤੇ ਸਥਾਨਕ ਸਿੱਖਾਂ ਤੇ ਕਾਂਗਰਸ ਦੀਆਂ ਰਾਜਸੀ ਸਰਗਰਮੀਆਂ 'ਚ ਉਘੀ ਭੂਮਿਕਾ ਨਿਭਾਈ। 1927 ਦੌਰਾਨ ਉਹਨੇ ਕਲਕਤਿਓਂ 'ਕਿਰਤੀ' ਲਈ ਉਗਰਾਹੀ ਕੀਤੀ ਅਤੇ ਅਕਤੂਬਰ ਵਿੱਚ ਉਹਦੇ ਵਿਦੇਸ਼ੀ ਰਹਿੰਦੇ ਇਨਕਲਾਬੀਆਂ ਨਾਲ ਰਾਬਤਾ ਹੋਣ ਦੀਆਂ ਸੂਚਨਾਵਾਂ ਮਿਲੀਆਂ ਸਨ। 12 ਨਵੰਬਰ 1927 ਨੂੰ ਗੁਰੂ ਨਾਨਕ ਜਨਮ ਦਿਹਾੜੇ ਤੇ ਉਹਨੇ ਆਪਣੇ ਸੰਬੋਧਨ 'ਚ ਭਾਰਤ 'ਤੇ ਅੰਗ੍ਰੇਜ਼ੀ ਰਾਜ ਦੀ ਨਿਖੇਧੀ ਕੀਤੀ। 1928 'ਚ ਉਹ ਸਰਬ-ਬੰਗਾਲ ਸਿਖ ਲੀਗ ਦਾ ਪ੍ਰਧਾਨ ਸੀ ਤੇ ਉਸੇ ਸਾਲ 16 ਮਾਰਚ ਨੂੰ ਉਸਨੂੰ, ਮਾਰਚ ਦੀ 3 ਤਾਰੀਖ਼ ਨੂੰ ਮਿਰਜ਼ਾਪੁਰ ਪਾਰਕ ਵਿਚ ਹੋਏ ਜਲਸੇ ਅੰਦਰ ਵਿਦਰੋਹੀ ਭਾਸ਼ਣ ਦੇਣ ਦੇ ਇਲਜ਼ਾਮ 'ਚ ਗ੍ਰਿਫ਼ਤਾਰ ਕੀਤਾ ਗਿਆ, ਪਰ ਮਗਰੋਂ ਰਿਹਾਅ ਕਰ ਦਿੱਤਾ ਗਿਆ ਸੀ।

27 ਜੁਲਾਈ 1929 ਨੂੰ ਉਹਨੂੰ 107 ਧਾਰਾ ਤਹਿਤ ਜਮਸ਼ੇਦਪੁਰ 'ਚ ਛੇ ਮਹੀਨਿਆਂ ਲਈ ਜੂਹ ਬੰਦ ਕਰ ਦਿੱਤਾ ਗਿਆ ਸੀ ਅਤੇ 26 ਅਗਸਤ ਨੂੰ ਉਹਨੇ ਗੋਲਮੁਰੀ (ਬਿਹਾਰ) ਵਿਖੇ ਇੱਕ ਇਕੱਠ ਵਿੱਚ ਟੀਨ ਪਲੇਟ (Tin Plate) ਹੜਤਾਲ ਦੇ ਮਾਮਲੇ 'ਚ ਇਹ ਟਿੱਪਣੀ ਕੀਤੀ ਸੀ ਕਿ ਹੜਤਾਲ ਫੇਲ੍ਹ ਹੋ ਜਾਣ ਦੀ ਸੂਰਤ 'ਚ ਬਰਮਾ ਤੇਲ ਕੰਪਨੀ ਦੇ ਬੰਬਈ, ਕਰਾਚੀ ਅਤੇ ਮਦਰਾਸ ਦੇ ਡੀਪੂਆਂ 'ਚ ਹੜਤਾਲ ਕਰਵਾਈ ਜਾਏਗੀ।

ਉਹਨੇ ਗੁਰਮੁੱਖੀ 'ਚ ਇੱਕ ਇਸ਼ਤਿਹਾਰ ਕਢਵਾਇਆ, ਜਿਸ ਵਿੱਚ ਉਹਨੇ ਆਪਣੀ ਇੱਕ ਸਕੀਮ ਦਾ ਖੁਲਾਸਾ ਕੀਤਾ, ਜਿਸ ਅਨੁਸਾਰ ਜੇ 1100 ਸਿੱਖ ਉਹਦਾ ਸਾਥ ਦੇਣ ਲਈ ਤਿਆਰ ਹੋਣ ਤਾਂ ਉਹ ਉਹਨਾਂ ਦੇ ਬ੍ਰਾਜ਼ੀਲ 'ਚ ਕਾਸ਼ਤਕਾਰਾਂ ਵੱਜੋਂ ਪ੍ਰਵਾਸ ਕਰਾਉਣ ਲਈ ਕੋਈ ਹਿੰਦੋਸਤਾਨੀ ਜਹਾਜ਼ ਕਿਰਾਏ ਤੇ ਲੈ ਲਵੇਗਾ। ਉਹਨੇ ਕਾਂਗਰਸ ਪੱਖੀ ਸੈਂਟ੍ਰਲ ਸਿੱਖ ਲੀਗ ਦੇ 11 ਅਕਤੂਬਰ 1929 ਨੂੰ ਲੀਗ ਦੇ ਗਿਆਰ੍ਹਵੇਂ ਸੈਸ਼ਨ ਮੌਕੇ ਲਾਇਲਪੁਰ 'ਚ ਹੋਏ ਜ਼ਲਸੇ ਦੀ ਪ੍ਰਧਾਨਗੀ ਕਰਦਿਆਂ ਕਾਂਗਰੇਸ ਦੇ ਬਾਈਕਾਟ ਦੀ ਵਿਰੋਧਤਾ ਕੀਤੀ ਅਤੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਮਤਭੇਦ ਭੁਲਾਕੇ 1857 ਵਾਲਾ ਧੋਣਾ ਧੋ ਦੇਵਣ। ਉਹਨੇ ਲਾਹੌਰ ਵਿਖੇ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟਸ ਕਾਨਫਰੰਸ ਨੂੰ ਸੰਬੋਧਤ ਕਰਦਿਆਂ ਨੌਜਵਾਨਾਂ ਨੂੰ ਸਲਾਹ ਦਿੱਤੀ ਕਿ ਉਹ ਜਾਨਾਂ ਕੁਰਬਾਨ ਕਰਨੀਆਂ ਸਿਖਣ। 16 ਨਵੰਬਰ 1929 ਨੂੰ ਉਸ ਨੂੰ ਬੰਗਾਲ ਕਾਂਗਰਸ ਕਮੇਟੀ ਦਾ ਮੈਂਬਰ ਥਾਪ ਦਿੱਤਾ ਗਿਆ ਸੀ। ਅਕਤੂਬਰ-ਨਵੰਬਰ 1929 ਦੌਰਾਨ ਉਹਨੇ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਕਾਂਗਰੇਸੀ ਪਰਾਪੇਗੰਡਾ ਜਾਰੀ ਰੱਖਿਆ ਤੇ 27-28 ਦਸੰਬਰ 1929 ਨੂੰ ਲਾਹੌਰ ਵਿਖੇ ਰਿਆਸਤੀ ਪਰਜਾ ਮੰਡਲ ਕਾਨਫਰੰਸ 'ਚ ਭਾਗ ਲਿਆ।

ਕਾਂਗਰੇਸ ਦੇ 31 ਦਸੰਬਰ 1929 ਵਾਲੇ ਖੁਲ੍ਹੇ ਸੈਸ਼ਨ 'ਚ ਉਸਨੇ ਦਿੱਲੀ ਨੇੜੇ ਇਨਕਲਾਬੀਆਂ ਵੱਲੋਂ ਵਾਇਸਰਾਏ ਦੀ ਗੱਡੀ ਹੇਠਾਂ ਕੀਤੇ ਬੰਬ ਧਮਾਕੇ ਦੀ ਨਿਖੇਧੀ ਤੇ ਵਾਇਸਰਾਏ ਨੂੰ ਉਹਦੇ ਬਚ ਜਾਣ ਤੇ ਵਧਾਈ ਦੇਣ ਵਾਲੇ ਮੱਤੇ ਦੀ ਵਿਰੋਧਤਾ ਕੋਤੀ ਸੀ। ਉਹਨੂੰ 15 ਅਪ੍ਰੈਲ 1930 ਨੂੰ ਕਲਕਤਿਓਂ ਇੱਕ ਗੈਰ-ਕਾਨੂੰਨੀ ਇਕੱਠ 'ਚੋਂ ਫੜ ਲਿਆ ਗਿਆ, ਜਿਹੜਾ ਕਿ ਪੰਡਤ ਜਵਾਹਰ ਲਾਲ ਅਤੇ ਹੋਰਨਾਂ ਦੀ ਸਜ਼ਾਯਾਬੀ ਨੂੰ ਲੈਕੇ ਗੜ-ਬੜੀ ਫੈਲਾਉਣ ਦਾ ਜਤਨ ਕਰ ਰਿਹਾ ਸੀ, ਤੇ ਇੱਕ ਸਾਲ ਲਈ ਕੈਦ ਕਰ ਦਿੱਤਾ ਗਿਆ, ਪਰ ਛੇ ਮਹੀਨਿਆਂ ਪਿੱਛੋਂ ਰਿਹਾਅ ਕਰ ਦਿੱਤਾ ਗਿਆ ਸੀ। 1931 ਦੌਰਾਨ ਉਹ ਸਿੱਖਾਂ ਨੂੰ ਕਾਂਗਰਸ ਦੀ ਹਮਾਇਤ ਲਈ ਪ੍ਰੇਰਣ ਹਿੱਤ ਭਾਸ਼ਨ ਦੇਂਦਾ ਰਿਹਾ ਤੇ ਪੰਜਾਬ ਅੰਦਰ ਇਤਰਾਜ਼ਯੋਗ ਤਕਰੀਰਾਂ ਕਰਦਾ ਰਿਹਾ ਸੀ। ਉਹਨੇ ਝੰਗ ਸ਼ਹਿਰ ਵਿਖੇ 26-27 ਦਸੰਬਰ 1931 ਵਾਲੀ ਪਰੋਵਿਨਸ਼ਲ ਪੋਲੀਟੀਕਲ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਸੀ।

ਗੁਰਦਿੱਤ ਸਿੰਘ ਥੋੜ੍ਹੀ ਦਿਮਾਗ਼ੀ ਯੋਗਤਾ ਵਾਲਾ ਹੋਣ ਕਰਕੇ ਆਪਣੇ ਆਪ ਨੂੰ ਅਤੇ ਆਪਣੇ ਕੋਮਾਗਾਟਾ ਮਾਰੂ ਵਾਲੀ ਭੂਮਿਕਾ ਨੂੰ ਹਦੋਂ ਵੱਧ ਅਹਿਮੀਅਤ ਦੇਂਦਾ ਹੈ, ਪਰ ਉਹਦੀ ਪਿਛਲੀ ਖਾੜਕੂ ਭੂਮਿਕਾ ਨੇ ਉਹਨੂੰ ਸਿੱਖ ਅਤਿਵਾਦੀਆਂ ਦਾ ਚਹੇਤਾ ਬਣਾ ਦਿੱਤਾ ਹੈ। ਉਹ ਸਰਕਾਰ ਦਾ ਸਿਰੇ ਦਾ ਵਿਰੋਧੀ ਹੈ ਤੇ ਪੰਜਾਬ ਦੀ ਲਗਭਗ ਹਰੇਕ ਅਤਿਵਾਦੀ ਲਹਿਰ 'ਚ ਭਾਈਵਾਲ ਹੈ।

**ਪਛਾਣ**: ਉਮਰ ਲਗਭਗ 65 ਸਾਲ (1932) ਦਰਮਿਆਨਾ ਕੱਦ, ਗਠਿਆ ਸਰੀਰ, ਕਣਕ-ਵਿਨਾ ਰੰਗ, ਸਫ਼ੇਦ ਦਾੜ੍ਹੀ, ਖੱਦਰ ਦਾ ਲਿਬਾਸ ਅਤੇ ਕਾਲੀ ਦਸਤਾਰ ਪਹਿਨਦਾ ਹੈ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109

ਫੋਨ: 0172-2556314

ਈਮੇਲ: mjswaraich29@gmail.com